# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

www.chandigarh.gov.in

# ਪ੍ਰੈਸ ਨੋਟ

ਚੰਡੀਗੜ੍ਹ, ਮਾਰਚ 10:- ਚੰਡੀਗੜ੍ਹ ਪ੍ਰਸ਼ਾਸਨ ਨੇ ਈ-ਟੈਂਡਰਿੰਗ ਅਪਨਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। 1 ਅਪ੍ਰੈਲ, 2010 ਤੋਂ ਈ-ਟੈਂਡਰਿੰਗ ਦੀ ਸੁਵਿਧਾ ਪ੍ਰਦਾਨ ਕੀਤੀ ਜਾਵੇਗੀ ਅਤੇ ਵਿੱਤ ਵਿਭਾਗ ਦੇ ਨਿਰਦੇਸ਼ਾਂ ਦੇ ਅਨੁਸਾਰ 10 ਲੱਖ ਰੁਪਏ ਤੋਂ ਉੱਪਰ ਦੀ ਰਾਸ਼ੀ ਦੇ ਸਾਰੇ ਟੈਂਡਰ ਚੰਡੀਗੜ੍ਹ ਪ੍ਰਸ਼ਾਸਨ ਪੋਰਟਲ (**http://Chandigarh.gov.in**) ਤੇ ਆਨਲਾਈਨ ਸਵੀਕਾਰ ਕੀਤੇ ਜਾਣਗੇ।

ਵੈਂਡਰਸ ਈ-ਟੈਂਡਰਿੰਗ ਪ੍ਰਕਿਰਿਆ ਨੂੰ ਸਮਝ ਸਕੇ ਅਤੇ ਨਵੀਂ ਪ੍ਰਣਾਲੀ ਨੂੰ ਅਪਣਾ ਸਕੇ, ਇਸ ਦੇ ਲਈ 13 ਮਾਰਚ, 2010 ਨੂੰ ਸੈਕਟਰ 12 ਸਥਿਤ ਪੈਕ ਵਿਚ ਸਪਿਕ ਆਈਟੀ ਸੈਂਟਰ ਵਿਚ ਟ੍ਰੇਨਿੰਗ ਸੈਸ਼ਨ ਦਾ ਆਯੋਜਨ ਕੀਤਾ ਜਾਵੇਗਾ। ਇਹ ਟ੍ਰੇਨਿੰਗ ਸੈਸ਼ਨ ਮੁਫਤ ਹੋਵੇਗਾ।